Impact Factor (SJIF): 6.126 E-ISSN: 2583-1615, P-ISSN: 3049-3498

International Journal of Research in Academic World

**Received**: 11/August/2025 **IJRAW:** 2025; 4(9):127-129 **Accepted:** 24/September/2025

# ਨਾਨਕ ਸਿੰਘ ਦਾ ਕਥਾ-ਜਗਤ: ਇਕ ਅਧਿਐਨ

*[1]**ਡਾ. ਕਾਰਜ ਸਿੰਘ**

*[1]Assistant Professor, Postgraduate Department of Punjabi, Khalsa College for Women Amritsar, Punjab, India.

**ਸੰਖੇਪ**

ਪੰਜਾਬੀ ਸਾਹਿਤ ਜਗਤ ਵਿਚ ਨਾਨਕ ਸਿੰਘ ਇਕ ਬਹੁਪੱਖੀ ਲੇਖਕ ਹੋਇਆ ਹੈ। ਉਸਨੇ ਨਾਵਲ, ਕਹਾਣੀ, ਨਾਟਕ, ਲੇਖ, ਅਨੁਵਾਦ ਅਤੇ ਸਵੈਜੀਵਨੀ ਸਾਹਿਤ ਰੂਪਾਂ ਵਿੱਚ ਕਲਮ ਅਜ਼ਮਾਈ ਕੀਤੀ। ਨਾਵਲ ਲਿਖਣ ਦੇ ਨਾਲ-ਨਾਲ ਕਹਾਣੀ ਦੇ ਖੇਤਰ ਵਿੱਚ ਵੀ ਉਸ ਦਾ ਖ਼ਾਸ ਯੋਗਦਾਨ ਹੈ। ਭਾਵੇਂ ਕਿ ਇਸ ਪੱਖ ਤੋਂ ਆਲੋਚਕਾਂ ਵੱਲੋਂ ਉਹਨਾਂ ਨੂੰ ਘੱਟ ਗੌਲਿਆ ਗਿਆ ਹੈ। ਕਹਾਣੀ ਦੇ ਖੇਤਰ ਵਿੱਚ ਨਾਨਕ ਸਿੰਘ ਦਾ ਵਿਸ਼ੇਸ਼ ਯੋਗਦਾਨ ਇਸ ਕਰਕੇ ਵੀ ਹੈ ਕਿ ਉਸਨੇ ਮੁੱਢਲੇ ਪੜ੍ਹਾਅ ਦੀ ਪੰਜਾਬੀ ਕਹਾਣੀ ਨੂੰ ਧਾਰਮਿਕ ਸੁਧਾਰਵਾਦ ਦੀ ਵਲਗਣ ਵਿੱਚੋਂ ਕੱਢ ਕੇ ਸਮਾਜਕ ਸੁਧਾਰਵਾਦ ਵੱਲ ਤੋਰਿਆ। ਉਸਨੂੰ ਸੁਧਾਰਵਾਦੀ, ਮਾਨਵਾਦੀ, ਕਹਾਣੀਕਾਰ ਆਖਿਆ ਜਾਂਦਾ ਜਿਸ ਨੇ ਸਮਾਜ-ਸੁਧਾਰ ਦੇ ਮੰਤਵ ਨਾਲ ਕਹਾਣੀ ਦੀ ਰਚਨਾ ਕੀਤੀ ਹੈ। ਉਸਦੇ ਹੰਝੂਆਂ ਦੇ ਹਾਰ, ਸੱਧਰਾਂ ਦੇ ਹਾਰ, ਮਿੱਧੇ ਹੋਏ ਫੁੱਲ, ਸੁਨਿਹਰੀ ਜਿਲਦ, ਸੁਪਨਿਆਂ ਦੀ ਕਬਰ, ਸਵਰਗ ਤੇ ਉਸਦੇ ਵਾਰਸ, ਮੇਰੀਆਂ ਕਹਾਣੀਆਂ, ਚੌਣਵੀਂ ਕਹਾਣੀ, ਛੇਕੜਲੀ ਰਿਸ਼ਮ ਆਦਿ ਕਹਾਣੀ ਸੰਗ੍ਰਿਹ ਪ੍ਰਕਾਸ਼ਿਤ ਹੋਏ।

**ਮੁੱਖ ਸ਼ਬਦ:** ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ, ਵਿਧਵਾ ਔਰਤ, ਵੇਸਵਾ, ਬਾਲ ਵਿਆਹ, ਅਣਜੋੜ ਵਿਆਹ ਵਰਗੇ ਸਮੱਸਿਆਕਾਰ, ਬਸਤੀਵਾਦੀ ਹਕੂਮਤ।

## ਮੁਖਬੰਧ

ਨਾਨਕ ਸਿੰਘ ਨੇ ਆਪਣੀਆਂ ਕਹਾਣੀਆਂ ਵਿੱਚ ਸਮਕਾਲੀਨ ਸਮਾਜਿਕ ਪ੍ਰਸਥਿਤੀਆਂ ਦੇ ਪ੍ਰਤੀਬਿੰਬ ਨੂੰ ਚਿਤਰਿਆ ਹੈ। ਉਹ ਮੱਧ-ਸ੍ਰੇਣੀ ਦਾ ਵਿਆਖਿਕਾਰ ਹੈ। ਸੰਤ ਸਿੰਘ ਸੇਖੋਂ ਦੇ ਵਿਚਾਰ ਹਨ ਕਿ, "ਨਾਨਕ ਸਿੰਘ ਹਰ ਕਹਾਣੀ ਵਿੱਚ ਮੱਧ-ਸ੍ਰੇਣੀ ਸਮਾਜ ਦੇ ਵੱਖ-ਵੱਖ ਪੱਖ ਬਦਲਦਾ ਰਹਿੰਦਾ ਹੈ, ਜਾਂ ਇਉਂ ਕਹਿ ਲਵੋ ਕਿ ਉਸ ਨੇ ਮੱਧ-ਸ਼੍ਰੇਣੀ ਨੂੰ ਇਤਨੀ ਬਾਰੀਕ ਨਜ਼ਰ ਨਾਲ ਦੇਖਿਆ ਹੈ ਕਿ ਉਹ ਇਸਦੀ ਵੰਨਗੀ ਮੁੱਕਣ ਨਹੀਂ ਦਿੰਦਾ।" [1] ਉਸ ਨੇ ਸਮੇਂ ਦੇ ਸਮਾਜ ਦੀ ਯਥਾਰਕ ਤਸਵੀਕਸ਼ੀ ਕਹਾਣੀਆਂ ਵਿੱਚ ਕੀਤੀ। ਉਸ ਦੀਆਂ ਕਹਾਣੀਆਂ ਵਿੱਚ ਪਰਿਵਾਰਕ ਮਸਲੇ, ਕਿਸਾਨ ਦੀਆਂ ਸਮੱਸਿਆਵਾਂ, ਔਰਤ ਦੀ ਸਥਿਤੀ, ਵਿਧਵਾ ਵਿਆਹ, ਵੇਸਵਾ, ਅਨਜੋੜ ਵਿਆਹ, ਮਜ਼ਦੂਰਾਂ ਦੀ ਤਰਸਯੋਗ ਹਾਲਤ, ਬੇਰੁਜ਼ਗਾਰੀ, ਭ੍ਰਿਸ਼ਟਾਚਾਰੀ, ਧਾਰਮਿਕ ਕੱਟੜਤਾ, ਸੰਪਰਦਾਇਕਤਾ, ਨਸ਼ੇ ਦੀ ਸਮੱਸਿਆ ਅਤੇ ਦੇਸ਼ ਵੰਡ ਦੀਆਂ ਘਟਨਾਵਾਂ ਆਦਿ ਵੇਰਵੇ ਪੇਸ਼ ਹੋਏ ਮਿਲਦੇ ਹਨ। ਉਹ ਕਹਾਣੀਆਂ ਵਿੱਚ ਇਹਨਾਂ ਸਮੱਸਿਆਵਾਂ ਦੇ ਮਾਧਿਅਮ ਰਾਹੀਂ ਮਾਨਵੀ ਹੋਂਦ ਦੇ ਅਹਿਸਾਸ ਨੂੰ ਪ੍ਰਗਟ ਕਰਦਾ ਹੈ। ਉਸ ਦੀਆਂ ਕਹਾਣੀਆਂ ਸੁੱਖ-ਦੁੱਖ ਦੇ ਅੰਤਰ-ਸੰਬੰਧਾਂ ਵਿੱਚੋਂ ਉਪਜੇ ਜ਼ਿੰਦਗੀ ਨੂੰ ਜਿਊਣ ਦੀ ਸੇਧ ਦੇ ਅਹਿਸਾਸ ਨੂੰ ਪੈਦਾ ਕਰਦੀਆਂ ਹਨ। ਉਸ ਦੀਆਂ ਕਹਾਣੀਆਂ ਵਿਚਲੇ ਪਾਤਰ ਹਰ ਧਰਮ ਅਤੇ ਜਾਤ ਨਾਲ ਸੰਬੰਧ ਰੱਖਦੇ ਹਨ ਅਤੇ ਬੰਦੇ ਵਿਚਲੀ ਬੰਦਿਆਈ ਨੂੰ ਜਿਊਂਦਾ ਰੱਖਣ ਦੀ ਤਾਕਤ ਰੱਖਦੇ ਹਨ। ਉਸਨੇ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਮਸਲਿਆਂ ਨੂੰ ਨਿੱਜੀ ਅਨੁਭਵ ਦੇ ਆਧਾਰ ਤੇ ਪੇਸ਼ ਕੀਤਾ ਹੈ। ਉਹ ਸਮਾਜਿਕ ਮੁੱਦਿਆਂ ਦੀ ਗੱਲ ਪਰਿਵਾਰ ਤੋਂ ਸ਼ੁਰੂ ਕਰਦਾ ਹੈ। ਉਸ ਨੇ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਉਹਨਾਂ ਦੇ ਸਮਾਧਾਨ ਸਮੇਤ ਦ੍ਰਿਸ਼ਟੀਗੋਚਰ ਕੀਤਾ ਹੈ। ਉਸ ਦੁਆਰਾ ਰਚਿਤ 'ਸਿਉਂਕ' ਕਹਾਣੀ ਪੈਸੇ ਦੀ ਲਾਲਸਾ ਅਤੇ ਪਦਾਰਥਕ ਲੋਭ ਕਾਰਨ ਮਨਫ਼ੀ ਹੋ ਰਹੇ ਖ਼ੂਨ ਦੇ ਰਿਸ਼ਤਿਆਂ ਦੀ ਦਾਸਤਾਨ ਪੇਸ਼ ਕਰਦੀ ਹੈ ਕਿਉਂਕੀ ਮਨੁੱਖ ਦੇ ਵਿਅਕਤਿਤਵ ਤੇ ਉਸਦੇ ਪਰਿਵਾਰ ਦਾ ਸਦਾ ਪ੍ਰਭਾਵ ਪੈਂਦਾ ਹੈ। "ਸਿਉਂਕ ਵਿੱਚ ਮਾਨਵੀ ਰਿਸ਼ਤੇ, ਪੈਸੇ ਅਤੇ ਧਨ ਜਾਇਦਾਦ ਨਾਲੋਂ ਕਿਤੇ ਨੀਵੇਂ ਸਮਝੇ ਜਾਂਦੇ ਹਨ, ਇਹ ਦਰਸਾ ਕੇ ਨਾਨਕ ਸਿੰਘ ਨੇ ਢਹਿ-ਢੇਰੀ ਹੋ ਰਹੇ ਮਾਂ-ਬਾਪ ਤੇ ਸੰਤਾਨ ਦੇ ਆਪਸੀ ਰਿਸ਼ਤਿਆਂ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।" [2] ਪੂੰਜੀਵਾਦੀ ਨਿਜ਼ਾਮ ਵਿੱਚ ਪੈਸਾ ਇਕੱਠਾ ਕਰਨ ਦੀ ਅੰਨ੍ਹੀ ਦੋੜ ਵਿੱਚ ਰਿਸ਼ਤਿਆਂ ਦਾ ਖ਼ੂਨ ਚਿੱਟਾ ਹੁੰਦਾ ਦਿਖਾਇਆ ਗਿਆ ਹੈ। ਕਹਾਣੀ ਦਾ ਮੁੱਖ ਪਾਤਰ ਆਨੰਦ ਸਰੂਪ ਸੇਠੀ ਅਤੇ ਉਸਦੀ ਪਤਨੀ ਰਜਨੀ ਆਪਣੇ ਜਿਉਂਦੇ ਜਾਗਦੇ ਪਿਉ ਨੂੰ ਕਾਗਜ਼ਾਂ ਵਿੱਚ ਮਰਿਆ ਹੋਇਆ ਲਿਖਵਾ ਕੇ ਜੱਦੀ ਘਰ ਆਪਣੇ ਨਾਮ ਕਰਵਾ ਲੈਂਦੇ ਹਨ। ਬਾਅਦ ਵਿੱਚ ਉਸ ਘਰ ਨੂੰ ਵੇਚ ਕੇ ਸ਼ਹਿਰ ਨਵਾਂ ਘਰ ਖਰੀਦ ਲੈਂਦੇ ਹਨ। ਜਿਵੇਂ ਕੀ ਕਹਾਣੀ ਦੇ ਸਿਰਲੇਖ ਮੁਤਾਬਕ ਪਦਾਰਥਕ ਲੋਭ ਵੀ ਸਿਉਂਕ ਵਾਂਗ ਰਿਸ਼ਤਿਆਂ ਵਿਚੋਂ ਮੋਹ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਖਾ ਜਾਂਦਾ ਹੈ। ਇਸ ਕਹਾਣੀ ਵਿੱਚ ਨਾਨਕ ਸਿੰਘ ਨੇ ਸਮਾਜ ਦੇ ਯਥਾਰਥ ਨੂੰ ਪੇਸ਼ ਕੀਤਾ। ਉਸ ਦੁਆਰਾ ਪੇਸ਼ ਘਟਨਾਵਾਂ ਵਰਤਮਾਨ ਸਮਾਜ ਵਿੱਚ ਸਾਰਥਿਕ ਲਗਦੀਆਂ ਹਨ। ਸਮਾਜ ਵਿੱਚ ਬੰਦੇ ਦੀ 'ਅਰਥਿਕਤਾ' ਰਿਸ਼ਤਿਆਂ ਦੀ ਪਰਿਭਾਸ਼ਾ ਨੂੰ ਨਿਸ਼ਚਿਤ ਕਰਦੀ ਅਤੇ ਬਦਲਦੀ ਹੈ। ਉਸ ਦੀ ਕਹਾਣੀ 'ਸੁਪਨਿਆਂ ਦੀ ਕਬਰ' ਵਿਚਲਾ ਮੁੱਖ ਪਾਤਰ ਕੇਂਦਰ ਆਰਥਿਕ ਤੰਗੀਆਂ-ਤੁਰਸ਼ੀਆਂ ਦੀ ਮਾਰ ਝਲਦਾ ਹੋਇਆ ਸਹੁਰੇ ਘਰ ਰਹਿਣ 'ਤੇ ਮਜ਼ਬੂਤ ਹੋ ਜਾਂਦਾ ਹੈ। ਕਿਉਂਕਿ ਉਸ ਦੀ ਪਤਨੀ ਰਜਨੀ ਅਮੀਰ ਘਰਾਣੇ ਨਾਲ ਸੰਬੰਧ ਰੱਖਦੀ ਹੈ। ਕੇਂਦਰ ਨੌਕਰ ਬਣ ਕੇ ਆਪਣੇ ਸਾਲਿਆਂ ਦੇ ਅਧੀਨ ਰਹਿੰਦਾ ਹੈ। ਪਤਨੀ ਅਤੇ ਰਿਸ਼ਤੇਦਾਰਾਂ ਵਲੋਂ ਹੁੰਦੇ ਨਿਰਾਦਰ ਕਾਰਨ ਉਸ ਦੇ ਸਵੈਮਾਣ ਨੂੰ ਸੱਟ ਵੱਜਦੀ ਹੈ, ਕਿਉਂਕਿ ਉਹਨਾਂ ਦੀ ਅਮੀਰੀ ਦੇ ਸਾਹਮਣੇ ਕੇਂਦਰ ਦੇ ਰਿਸ਼ਤੇ ਦਾ ਕੋਈ ਮੁੱਲ-ਵਿਧਾਨ ਨਹੀਂ ਹੈ। ਕੇਂਦਰ ਹੁੰਦੇ ਅਪਮਾਨ ਕਰਕੇ ਘਰ ਛੱਡਣ ਲਈ ਮਜ਼ਬੂਰ ਹੋ ਜਾਂਦਾ ਹੈ। ਰੰਜਨਾ ਦੇ ਭਰਾਵਾਂ ਵੱਲੋਂ ਦਫ਼ਤਰ ਵਿੱਚ ਕੀਤੀ ਬਦਸਲੂਕੀ ਬਾਰੇ ਕੇਂਦਰ ਦੱਸਦਾ ਹੈ ਕਿ, "ਗੱਲ ਗੱਲ

***Corresponding Author:** ਡਾ. ਕਾਰਜ ਸਿੰਘ

ਉੱਤੇ ਝਾੜਾਂ, ਜ਼ਰਾਂ ਜਿੰਨੀ ਗਲਤੀ ਬਦਲੇ ਫ਼ਟਕਾਰ, ਤੇ ਫਿਰ ਦੂਸਰਿਆਂ ਦੇ ਸਾਹਮਣੇ ਹਰ ਵੇਲੇ ਕੰਮ ਚੋਰ, ਹੱਡ ਹਰਾਮ, ਨਿਕੰਮਾ ਤੇ ਹੋਰ ਪਤਾ ਨਹੀਂ ਕੀ ਕੀ।... ਅਸਲੀ ਅਰਥਾਂ ਵਿੱਚ ਉਸ ਵੇਲੇ ਮੈਂ ਆਪਣੇ ਆਪ ਨੂੰ 'ਕੁੱਤਾ' ਮਹਿਸੂਸ ਕਰਨ ਲਗ ਪੈਂਦਾ ਹੈ। ਕੁੱਤੇ ਨਾਲ ਤਾਂ ਫੇਰ ਵੀ ਉਸਦਾ ਮਾਲਕ ਪਿਆਰ ਕਰਦਾ ਹੈ, ਮੈਂ ਕੁੱਤੇ ਨਾਲੋਂ ਵੀ ਲੰਘਿਆ ਹੋਇਆ ਹਾਂ।" [3] ਨਾਨਕ ਸਿੰਘ ਦੀਆਂ ਕਹਾਣੀਆਂ ਰਿਸ਼ਤਿਆਂ ਵਿਚਲੀ ਨੈਤਿਕਤਾ ਪ੍ਰਤੀ ਬਦਲਦੇ ਪ੍ਰਤਿਮਾਨ ਨੂੰ ਪੇਸ਼ ਕਰਦੀ ਹੈ। ਉਸ ਨੇ ਆਪਣੀਆਂ ਕਹਾਣੀਆਂ ਵਿੱਚ ਪੰਜਾਬੀ ਭਾਈਚਾਰਕ ਸਾਂਝ ਨੂੰ ਵੀ ਚਿਤਰਿਆ ਹੈ। ਉਸ ਦੀ ਲਿਖੀ 'ਭੂਆ' ਕਹਾਣੀ ਇਸ ਦੀ ਉੱਤਮ ਉਦਾਹਰਨ ਹੈ। ਇਸ ਵਿਚ ਸਾਡੇ ਸਮਾਜਚਾਰੇ ਵਿੱਚ ਰਿਸ਼ਤਿਆਂ ਦੀ ਪਵਿੱਤਰਤਾ ਅਤੇ ਅਹਿਮੀਅਤ ਨੂੰ ਦਿਖਾਇਆ ਗਿਆ ਹੈ। ਭੂਆ ਪਿੰਡ ਆਏ ਭਤੀਜੇ ਦੀ ਆਉ-ਭਗਤ ਅਤੇ ਭੂਆ ਵੱਲੋਂ ਕੀਤੀ ਮਹਿਮਾਨ-ਨਿਵਾਜ਼ੀ ਰਿਸ਼ਤਿਆਂ ਵਿਚਲੇ ਨਿੱਘੇਪਣ ਦੇ ਅਹਿਸਾਸ ਨੂੰ ਯਾਦ ਕਰਾਉਂਦਾ ਹੈ। ਉਹ ਮੋਹ ਦੀਆਂ ਤੰਦਾਂ ਨੂੰ ਬੜੀ ਬਾਰੀਕੀ ਨਾਲ ਪੇਸ਼ ਕਰਦਾ ਹੈ। ਨਾਨਕ ਸਿੰਘ ਸਮਕਾਲੀ ਸਮਾਜ ਸੁਧਾਰਕ ਲਹਿਰਾਂ ਤੋਂ ਕਾਫ਼ੀ ਪ੍ਰਭਾਵਿਤ ਸੀ। ਉਸ ਦੀਆਂ ਕਹਾਣੀਆਂ ਵਿਚ ਔਰਤ ਦੀ ਸਮਾਜਕ ਸਥਿਤੀ ਬਾਰੇ ਵੀ ਚਰਚਾ ਹੋਈ ਮਿਲਦੀ ਹੈ। ਉਸ ਨੇ ਔਰਤ ਨੂੰ ਹੋਂਦ ਦੀ ਪਛਾਣ ਅਤੇ ਆਪਣੇ ਅਸਤਿੱਤਵ ਪ੍ਰਤੀ ਸੰਘਰਸ਼ ਕਰਦੀ ਹੋਈ ਚਿਤਰਿਆ ਹੈ। ਉਸ ਦੀਆਂ ਕਹਾਣੀਆਂ ਵਿੱਚ ਵਿਧਵਾ ਔਰਤ, ਵੇਸਵਾ, ਬਾਲ ਵਿਆਹ, ਅਣਜੋੜ ਵਿਆਹ ਵਰਗੇ ਸਮੱਸਿਆਕਾਰ ਪੇਸ਼ ਹੋਏ ਵੇਖੇ ਜਾ ਸਕਦੇ ਹਨ। ਜਿਵੇਂ ਕਿ ਉਸ ਦੀ 'ਵਿਧਵਾ-ਆਸ਼ਰਮ' ਕਹਾਣੀ ਅਜਿਹੀਆਂ ਔਰਤਾਂ ਦੇ ਦਰਦ ਨੂੰ ਬਿਆਨ ਕਰਦੀ ਹੈ ਜੋ ਪਤੀ ਦੀ ਮੌਤ ਤੋਂ ਬਾਅਦ ਲਾਚਾਰ ਜਿਹੀਆਂ ਦਰ-ਦਰ ਧੱਕੇ ਖਾਂਦੀਆਂ ਅਤੇ ਵਿਧਵਾ-ਆਸ਼ਰਮਾਂ ਵਿਚ ਵੇਸਵਾ ਦਾ ਕੰਮ ਕਰਨ ਲਈ ਮਜ਼ਬੂਰ ਕੀਤੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਹੀ ਨਾਨਕ ਸਿੰਘ ਦੀ ਕਹਾਣੀ 'ਛੇਕੜਲੀ ਰਿਸ਼ਮ' ਵਿੱਚ ਵੀ ਵੇਸਵਾ ਔਰਤ ਦੇ ਦਰਦ ਨੂੰ ਬਿਆਨ ਕੀਤਾ ਗਿਆ ਹੈ। ਕਹਾਣੀ ਦੀ ਪਾਤਰ ਚੰਦਰਮੁਖੀ ਮਰਦ ਦੀ ਹਵਸ ਦਾ ਸ਼ਿਕਾਰ ਹੋਣ ਕਰਕੇ ਮਜ਼ਬੂਰਨ ਵੇਸਵਾਗਿਰੀ ਦੇ ਧੰਦੇ ਵਿਚ ਧਕੇਲ ਦਿੱਤੀ ਜਾਂਦੀ ਹੈ। ਜਿਵੇਂ ਕਿ ਉਹ ਆਏ ਹੋਏ ਗਾਹਕ ਦੇ ਭਰਮ ਨੂੰ ਤੋੜਦੀ ਆਖਦੀ ਹੈ ਕਿ, "ਮੁਆਫ਼ ਕਰਨਾ ਬਾਬੂ ਜੀ, ਇਹ ਤੁਸਾਂ ਬੇ-ਤੁਕੀ ਵਾਹੀਏ। ਮੈਂ ਤਾਂ ਇਹ ਕਹਾਂਗੀ, ਕਿ ਰਬ ਜਦ ਦੁਨੀਆਂ ਨੂੰ ਦਾਤਾਂ ਦੀ ਬਖ਼ਸ਼ਸ਼ ਕਰਨ ਲੱਗਾ ਸੀ, ਤਾਂ ਗਲਤੀ ਨਾਲ ਉਸ ਨੇ ਸੱਚੇ ਪਿਆਰ ਵਾਲਾ ਖ਼ਜ਼ਾਨਾ ਤੀਵੀਂ ਨੂੰ ਦੇ ਦਿੱਤਾ। ਮਰਦ ਨੇ ਜਦ ਇਸ ਦੀ ਸ਼ਿਕਾਇਤ ਕੀਤੀ ਤਾਂ ਪਿਆਰ ਦੇ ਬਦਲੇ ਬੇਵਫ਼ਾਈ ਤੇ ਮਿਤਰ-ਧ੍ਰੋਹੀ ਦਾ ਭਰਿਆ ਭਰਾਇਆ ਸੰਦੂਕ ਰੱਬ ਨੇ ਉਸ ਦੇ ਹਵਾਲੇ ਕਰ ਦਿੱਤਾ।" [4] ਉਸ ਦੀਆਂ ਕਹਾਣੀਆਂ ਵਿੱਚ ਔਰਤ ਕੇਵਲ ਲਾਚਾਰ ਜਾਂ ਬੇਹਿੰਮਤੀ ਜਿਹੀ ਹੀ ਪੇਸ਼ ਨਹੀਂ ਹੋਈ ਬਲਕਿ ਔਰਤ ਆਪਣੇ ਅਸਤਿਤਵ ਦੀ ਲੜਾਈ ਲੜਦੀ ਵੀ ਦਿਖਾਈ ਗਈ ਹੈ। ਉਸ ਨੇ ਔਰਤ ਵੱਲੋਂ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਚੰਡ ਰੂਪ ਵਿੱਚ ਸੰਘਰਸ਼ ਕਰਦੀ ਵੀ ਪੇਸ਼ ਕੀਤਾ ਹੈ ਜਿਵੇਂ ਉਸ ਦੀ ਕਹਾਣੀ 'ਹੀਰੋ' ਵਿਚਲੀ ਔਰਤ ਚੇਤਨ ਪੱਧਰ ਤੇ ਲੜਾਈ ਲੜਦੀ ਹੈ। ਮੁੱਖ ਪਾਤਰ ਹੀਰੋ ਆਪਣੇ ਅਮੀਰ ਘਰਾਣੇ ਨਾਲ ਸੰਬੰਧਤ ਮੰਗੇਤਰ ਵੱਲੋਂ ਪਿਆਰ ਦੇ ਧੋਖੇ ਵਿਚ ਰੱਖ ਕੇ ਵਿਆਹ ਤੋਂ ਇਨਕਾਰ ਕਰਨਾ ਅਸਹਿ ਹੋ ਜਾਂਦਾ ਹੈ। ਹੀਰੋ ਆਪਣੇ ਵਜੂਦ ਅਤੇ ਹਸਤੀ ਨੂੰ ਕਾਇਮ ਰੱਖਦੀ ਹੋਈ ਆਪਣੇ ਮੰਗੇਤਰ ਦਾ ਹਥਿਆਰਬੰਦ ਵਿਰੋਧ ਕਰਦੀ ਅਤੇ ਉਸ ਦਾ ਕਤਲ ਕਰ ਦਿੰਦੀ ਹੈ। ਇਸ ਕਹਾਣੀ ਵਿੱਚ ਔਰਤ ਬਜ਼ਾਰੂ ਵਸਤ ਨਾ ਹੋ ਕੇ ਆਪਣੇ ਸਵੈਮਾਣ ਨੂੰ ਕਾਇਮ ਰੱਖਦੀ ਹੈ।

ਨਾਨਕ ਸਿੰਘ ਸੈਕੂਲਰ ਸੋਚ ਵਾਲਾ ਲੇਖਕ ਹੈ। ਉਹ ਕਿਸੇ ਵਾਦ-ਵਿਵਾਦ ਨਾਲ ਨਹੀਂ ਜੁੜਦਾ ਹੈ। ਉਸ ਦੇ ਪਾਤਰ ਅਨਿਆਂ ਵਿਰੁੱਧ ਲੜਦੇ ਹਨ ਪਰ ਸਰਬ ਸਾਂਝੀਵਾਲਤਾ ਦੀ ਹਾਮੀ ਭਰਦੇ ਹਨ। ਉਸਦੇ ਹਿੰਦੂ, ਸਿੱਖ ਅਤੇ ਮੁਸਲਿਮ ਪਾਤਰਾਂ ਵਿੱਚ ਏਕਤਾ ਵੇਖੀ ਜਾ ਸਕਦੀ ਹੈ। ਭਾਵੇਂ ਕਿ ਸਮਕਾਲੀ ਸਮਾਂ ਧਾਰਮਿਕ ਕੱਟੜਤਾ ਅਤੇ ਆਪਣੇ-ਆਪਣੇ ਧਰਮ ਦੇ ਗੁਣ-ਗਾਣ ਕਰਨ ਨਾਲ ਸੰਬੰਧਤ ਸੀ। ਪ੍ਰੋ. ਕਿਸ਼ਨ ਸਿੰਘ ਉਸ ਸਮੇਂ ਦੀ ਸਰਕਾਰ ਦੀ ਧਰਮ ਨੀਤੀ ਬਾਰੇ ਲਿਖਦਾ ਹੈ ਕਿ, "ਹਿੰਦੂ ਤੇ ਮੁਸਲਮਾਨ, ਦੋਵੇਂ ਮਜ਼੍ਹਬੀ ਸਮਾਜ, ਮਜ਼੍ਹਬਾਂ ਦੇ ਵਖਰੇਂਵੇ ਦੇ ਬਾਵਜੂਦ ਚੂੰਕਿ ਕਲਚਰ ਦਾ ਇਕ ਸਾਂਝਾ ਮੁਰੱਕਬ ਨਾ ਬਣ ਸਕੇ ਅਤੇ ਹਰ ਮਜ਼੍ਹਬ ਕਲਚਰਲ ਕੰਪਲੈਕਸ ਨਾਲ ਸੰਬੰਧਤ ਹੋਇਆ ਰਿਹਾ।" [5] ਭਾਵੇਂ ਕਿ ਸਮਕਾਲੀ ਹਕੂਮਤ ਦੀਆਂ ਨੀਤੀਆਂ ਧਾਰਮਿਕ ਪੱਖ ਤੋਂ ਬੜੀਆਂ ਮਾਰੂ ਤੇ ਦੇਸ਼ ਵਿਰੋਧੀ ਸਨ ਪਰ ਨਾਨਕ ਸਿੰਘ ਦੀਆਂ ਕਹਾਣੀਆਂ ਵਿੱਚ ਧਾਰਮਿਕ ਸਹਿਣਸ਼ੀਲਤਾ ਤੇ ਮਾਨਵੀ ਏਕਤਾ ਦੀ ਪੇਸ਼ਕਾਰੀ ਹੋਈ ਹੈ। ਉਹ ਮਜ਼ਹਬੀ ਸਦਭਾਵਨਾ ਦੀ ਗੱਲ ਕਰਦਾ ਹੈ। ਜਿਵੇਂ 'ਸੁਨਿਹਰੀ ਜਿਲਦ' ਕਹਾਣੀ ਵਿਚ ਦੇਸ਼-ਵੰਡ ਦੇ ਸਮੇਂ ਵਾਪਰੇ ਕਤਲੋ-ਗਾਰਦ ਅਤੇ ਹਿੰਸਕ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਵਿੱਚ ਮੁਸਲਿਮ ਬੁੱਢੇ ਹਲਵਾਈ ਨੇ ਸਿੱਖ ਔਰਤ ਸਤਵੰਤ ਕੌਰ ਨੂੰ ਆਪਣੇ ਹੀ ਭਾਈਚਾਰੇ ਦੇ ਕੱਟੜਪੰਥੀਆਂ ਤੋਂ ਬਚਾਉ ਕਰਦੇ ਹੋਏ ਕੁਰਬਾਨੀ ਦਿੱਤੀ। "ਦੂਜੀ ਵੇਰਾਂ ਉਸ ਨੇ ਚੁੱਲ੍ਹੇ ਵਿੱਚੋਂ ਅੱਗ ਤੇ ਫੇਰ ਤੱਤੀ ਭੁੱਬਲ ਕੱਢ ਕੇ ਉਹਨਾਂ ਉੱਤੇ ਵਰ੍ਹਾਣੀ ਸ਼ੁਰੂ ਕਰ ਦਿੱਤੀ। ਕਈਆਂ ਦੇ ਮੂੰਹ, ਸਿਰ ਤੇ ਕੱਪੜੇ ਝੁਲਸ ਗਏ, ਪਰ ਇਸ ਨਾਲ ਉਹਨਾਂ ਦਾ ਜੋਸ਼ ਹੋਰ ਵੀ ਵੱਧ ਗਿਆ ਜਦ ਚੁਲ੍ਹਾ ਵੀ ਖ਼ਾਲੀ ਹੋ ਗਿਆ ਤੇ ਇਸ ਬਾਬੇ ਪਾਸ ਹੋਰ ਕੋਈ ਹਥਿਆਰ ਨਾ ਰਿਹਾ ਤਾਂ ਉਹ ਸਾਰੇ ਹੱਟੀ ਤੇ ਆ ਚੜ੍ਹੇ ਤੇ 'ਕਾਫ਼ਰ ਕਾਫ਼ਰ' ਕਹਿ ਕੇ ਇਸ ਵਿਚਾਰੇ ਨੂੰ 'ਹਥੋ ਹੱਥ' ਲੈ ਲਿਆ, ਮਾਰ ਮਾਰ ਕੇ ਗਰੀਬ ਨੂੰ ਫੇਹ ਸੁੱਟਿਆ।"5

ਸਿੱਖ ਪਰਿਵਾਰ ਵੱਲੋਂ ਉਸ ਦੀ ਧੀ ਜ਼ੈਨਾ ਦਾ ਪਾਲਣ-ਪੋਸ਼ਣ ਕਰਕੇ ਮੁਸਲਿਮ ਰੀਤੀ-ਰਿਵਾਜ਼ਾਂ ਅਨੁਸਾਰ ਵਿਆਹ ਕਰਨਾ ਧਰਮ ਨਿਰਪੱਖਤਾ ਦੀ ਉੱਤਮ ਉਦਾਹਰਣ ਹੈ। ਜ਼ੈਨਾ ਨੂੰ ਸਿੱਖ ਪਤੀ-ਪਤਨੀ ਵੱਲੋਂ ਸੁਨਿਹਰੀ ਜਿਲਦ ਵਿਚ ਜੁੜਵਾ ਕੇ ਪਵਿੱਤਰ ਕੁਰਾਨ ਸ਼ਰੀਫ ਦਾਜ ਦੇ ਰੂਪ ਵਿਚ ਭੇਂਟ ਕੀਤਾ ਜਾਂਦਾ ਹੈ। ਸਾਹਿਤ ਸਮਾਜ ਦੀ ਉਪਜ ਹੋਣ ਕਰਕੇ ਇਸ ਵਿਚ ਦੇਸ਼ ਕਾਲ ਦੀਆਂ ਇਤਿਹਾਸਕ, ਸਮਾਜਕ, ਰਾਜਸੀ ਗਤੀਵਿਧੀਆਂ ਦਾ ਉਲੇਖ ਹੋਣਾ ਸੁਭਾਵਿਕ ਹੈ। ਨਾਨਕ ਸਿੰਘ ਨੇ ਬਸਤੀਵਾਦੀ ਕੂ-ਚਾਲ ਤਹਿਤ ਹਿੰਦੂ ਅਤੇ ਮੁਸਲਿਮ ਲੋਕਾਂ ਨੂੰ ਧਰਮ ਦੇ ਨਾਮ 'ਤੇ ਭੜਕਾਉਣ ਦੇ ਘਟਨਾਕ੍ਰਮ ਨੂੰ 'ਰੱਬ ਆਪਣੇ ਅਸਲੀ ਰੂਪ' ਕਹਾਣੀ ਵਿਚ ਪੇਸ਼ ਕਰਦਾ ਹੈ। ਇਥੇ ਰਾਜਸੀ ਲੋਕ ਆਪਣੇ ਨਫ਼ੇ ਖ਼ਾਤਰ ਭੋਲੀ-ਭਾਲੀ ਜਨਤਾ ਤੇ ਅੱਤਿਆਚਾਰ ਹੁਕਮ ਅਨੁਸਾਰ ਧਰਮ ਦੇ ਠੇਕੇਦਾਰਾਂ ਵੱਲੋਂ ਹਿੰਦੂ ਅਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਵਿੱਚ ਇਕ-ਦੂਜੇ ਦੇ ਤਿਉਹਾਰ ਮਨਾਉਣ ਸਬੰਧੀ ਭੜਕਾਇਆ ਜਾਂਦਾ ਹੈ। ਹਿੰਸਕ ਵਾਰਦਾਤਾਂ ਵਾਪਰਦੀਆਂ ਹਨ ਅਤੇ ਬੇਕਾਬੂ ਭੀੜ ਵਿਚ ਹਿੰਦੂ ਨੌਜਵਾਨ ਮੁੰਡੇ ਦੀ ਮੌਤ ਹੋ ਜਾਂਦੀ ਹੈ।

ਨਾਨਕ ਸਿੰਘ ਬਸਤੀਵਾਦੀ ਹਕੂਮਤ ਵੱਲੋਂ ਅਧੀਨ ਲੋਕਾਂ ਨੂੰ ਮਨੁੱਖੀ ਪੱਧਰ ਤੋਂ ਘਸੀਟ ਕੇ ਪਸ਼ੂ ਪੱਧਰ ਤੇ ਲਿਆਉਣ ਦੀ ਮਾਰੂ ਨੀਤੀ ਨੂੰ ਸੁਚੇਤ ਪੱਧਰ 'ਤੇ ਵੇਖਦਾ ਅਤੇ ਰਚਨਾਵਾਂ ਵਿਚ ਪੇਸ਼ ਕਰਦਾ ਹੈ। ਇਸ ਕਰਕੇ ਉਸ ਦੀਆਂ ਕਹਾਣੀਆਂ ਵਿਚਲੇ ਪਾਤਰ ਇਨਸਾਨ ਤੋਂ ਸ਼ੈਤਾਨ ਤੱਕ ਦਾ ਸਫ਼ਰ ਵੀ ਤਹਿ ਕਰਦੇ ਹਨ। ਪਰ ਉਹ ਅਜਿਹੇ ਵਰਤਾਰੇ ਨੂੰ ਮਾਨਵਵਾਦੀ ਮਲ੍ਹਮ ਲਗਾ ਕੇ ਠੀਕ ਕਰਨ ਦੀ ਕੋਸ਼ਿਸ਼ ਵਿੱਚ ਲੱਗਾ ਰਹਿੰਦਾ ਹੈ। ਉਹ ਪੂੰਜੀਵਾਦੀ ਦੌਰ ਵਿਚ ਪੈਦਾ ਹੋ ਰਹੇ ਸਮਾਜਕ-ਆਰਥਿਕ ਮਸਲਿਆਂ ਨੂੰ ਵਿਅਕਤੀਗਤ ਵਿਵਹਾਰ ਵਿਚ ਤਬਦੀਲੀ ਲਿਆ ਕੇ ਸੁਲਝਾਏ ਜਾਣ ਦੀ ਜੱਦੋ-ਜਹਿਦ ਵਿੱਚ ਲੱਗਾ ਰਹਿੰਦਾ ਹੈ। ਉਸ ਦੀ 'ਅਰਜ਼ੀ' ਕਹਾਣੀ ਅਜਿਹੇ ਹਲਾਤਾਂ ਮਾਰੇ ਕਿਸਾਨ ਬਿਸ਼ਨੇ ਦੀ ਦਾਸਤਾਨ ਨੂੰ ਪੇਸ਼ ਕਰਦੀ ਹੈ ਜੋ ਪੁਸ਼ਤ ਦਰ ਪੁਸ਼ਤ ਕਰਜ਼ੇ ਦੇ ਬੋਝ ਥੱਲੇ ਦੱਬਿਆ ਹੋਇਆ ਸੀ। ਫ਼ਸਲਾਂ ਦਾ ਮੰਡੀਕਰਨ ਅਤੇ ਸ਼ਾਹੂਕਾਰ ਦਾ ਵਿਆਜ ਕਿਸਾਨ ਦੀ ਆਰਥਿਕ ਦਸ਼ਾ ਤੇ ਦਿਸ਼ਾ ਬਦਲ ਦਿੰਦੀ ਹੈ। ਇਸੇ ਤਰ੍ਹਾਂ ਹੀ ਉਹ 'ਝੰਡੂ' ਕਹਾਣੀ ਵਿਚ ਮਜ਼ਦੂਰ ਵਰਗ ਦੀ ਤਰਸਯੋਗ ਸਥਿਤੀ ਨੂੰ ਬਿਆਨ ਕਰਦਾ ਹੈ। ਸਰੀਰਕ ਸਮਰੱਥਾ ਤੋਂ ਵਧੇਰੇ ਭਾਰੀ ਕੰਮ ਕਰਕੇ ਉਸ ਦੀ ਮਾਨਸਿਕ ਤੇ ਸਰੀਰਕ ਦੁਰਦਸ਼ਾ ਬਾਰੇ ਬੜਾ ਦਿਲ ਟੁੰਬਵਾਂ ਦ੍ਰਿਸ਼ ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ। "ਟੋਕਰੇ ਦੇ ਜਿੰਦ ਕੱਢਵੇਂ ਭਾਰ ਹੇਠ ਡੋਲਦਾ ਹੋਇਆ ਝੰਡੂ ਦਾ ਸਰੀਰ ਸੜਕ ਉੱਤੇ ਤੁਰਿਆ ਜਾ ਰਿਹਾ ਸੀ, ਪਰ ਉਸਦਾ ਅੰਦਰਲਾ ਅੰਦਰ ਨਹੀਂ, ਨਹੀਂ ਸੀ।... ਇਕ ਫਰਲਾਂਗ ਤਕ ਤਾਂ ਝੰਡੂ ਕਿਸੇ ਨਾ ਕਿਸੇ ਤਰ੍ਹਾਂ ਤੁਰਿਆ ਗਿਆ ਪਰ ਇਸ ਤੋਂ ਅੱਗੇ ਕਦਮ ਪੁੱਟਣੇ ਉਸ ਲਈ ਔਖੇ ਹੋ ਗਏ। ਸਿਰ ਵਿਚੋਂ ਜਿਵੇਂ ਧੂਆਂ ਨਿਕਲ ਰਿਹਾ ਸੀ ਤੇ ਗਿੱਚੀ ਕੜਕੀ ਤਿ ਕੜਕੀ। ਏਦੂ ਵੀ ਵੱਡੀ ਮੁਸੀਬਤ ਇਹ ਕਿ ਟੋਕਰਾ ਕਦੇ ਇਕ ਬੰਨੇ ਉੱਲਰ ਜਾਂਦਾ, ਕਦੇ ਦੂਜੇ ਬੰਨੇ। ਉਸ ਦੀਆਂ ਲੱਤਾਂ ਲੜਖੜਾ ਰਹੀਆਂ ਸੀ।"7 ਉਸ ਨੂੰ ਨਾ ਤਾਂ ਪੂਰੀ ਮਜ਼ੂਦਰੀ ਮਿਲਦੀ ਹੈ ਅਤੇ ਨਾ ਹੀ ਖਾਣ ਲਈ ਰੋਟੀ। ਪਾਤਰ ਝੰਡੂ ਦੋਹਰੀ ਲੁੱਟ ਦਾ ਸ਼ਿਕਾਰ ਹੁੰਦਾ ਹੈ। ਇਥੇ ਉਹ ਆਰਥਿਕ ਅਸਮਾਨਤਾ ਅਤੇ ਕਿਰਤ ਦੀ ਲੁੱਟ ਹੁੰਦੀ ਦ੍ਰਿਸ਼ਟੀਗੋਚਰ ਕਰਦਾ ਹੈ। ਨਾਨਕ ਸਿੰਘ ਦਾ ਨਿੱਜੀ ਜੀਵਨ ਆਰਥਿਕ ਤੰਗੀਆਂ-ਤੁਰਸ਼ੀਆਂ ਵਿਚੋਂ ਗੁਜ਼ਰਿਆ ਹੋਣ ਕਰਕੇ ਕਿਸਾਨ-ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਨਿੱਜੀ ਅਨੁਭਵ ਦੇ ਧਰਾਤਲ ਤੋਂ ਪੇਸ਼ ਕਰਦਾ ਹੈ। ਉਸ ਨੇ ਭੁੱਖਮਰੀ ਅਤੇ ਬੇਰੁਜ਼ਗਾਰੀ ਵਰਗੀਆਂ ਸਮਾਜਕ ਲਾ-ਇਲਾਜ਼ ਬਿਮਾਰੀਆਂ ਦੀ ਪੇਸ਼ਕਾਰੀ ਡੂੰਘੇ ਦਰਦ ਰਾਹੀਂ ਪੇਸ਼ ਕੀਤੀਆਂ ਹਨ। ਉਸ ਦੀ ਕਹਾਣੀ 'ਸਵਰਗ ਤੇ ਉਸ ਦੇ ਵਾਰਸ' ਗਰੀਬੀ ਅਤੇ ਲਾਚਾਰੀ ਵਿਚੋਂ ਕਿਵੇਂ ਅਪਰਾਧਕ ਘਟਨਾਵਾਂ ਜਨਮ ਲੈਂਦੀਆਂ ਹਨ ਦੀ ਨਿਸ਼ਾਨਦੇਹੀ ਕਰਦੀ ਹੈ। ਕਸ਼ਮੀਰ ਵਿੱਚ ਰਹਿੰਦਾ ਨੌਜਵਾਨ ਕਰਮ ਬੇਰੁਜ਼ਗਾਰੀ ਦੀ ਹਾਲਤ ਵਿੱਚ

ਆਪਣੇ ਭੈਣ ਦੇ ਇਲਾਜ਼ ਖ਼ਾਤਰ ਚੋਰੀ/ਡਾਕੇ ਵਰਗੀਆਂ ਘਟਨਾਵਾਂ ਨੂੰ ਅਨਜਾਮ ਦਿੰਦਾ ਹੈ। ਇਸ ਪ੍ਰਕਾਰ ਨਾਨਕ ਸਿੰਘ ਦਾ ਕਥਾ-ਜਗਤ ਸਮਾਜ-ਸੁਧਾਰ ਦ੍ਰਿਸ਼ਟੀਕੋਣ ਤੋਂ ਸਿਰਜਿਆ ਗਿਆ ਹੈ। ਉਸ
ਦੀਆਂ ਕਹਾਣੀਆਂ ਦੇ ਵਿਸ਼ੇ ਸਮਕਾਲ ਤੋਂ ਸਰਬਕਾਲ ਤੱਕ ਫੈਲਦੇ ਹਨ। ਉਸ ਨੇ ਆਪਣੇ ਸਮੇਂ ਦੀਆਂ ਤਤਕਾਲੀਨ ਸਮੱਸਿਆਵਾਂ ਪੇਸ਼ ਕਰਕੇ 'ਕਲਾ ਸਮਾਜ ਲਈ' ਸਿਧਾਂਤ ਦੀ ਹਾਮੀ ਭਰੀ ਹੈ। ਉਹ ਬਦਲਦੀਆਂ ਸਮਾਜਕ ਪ੍ਰਸਥਿਤੀਆਂ ਦੇ ਅਨੁਕੂਲ ਘਟਨਾਵਾਂ ਅਤੇ ਵਿਸ਼ੇ ਚੁਣਦਾ ਹੈ ਜਿਹਨਾਂ ਨੂੰ ਉਹ ਕਿਸੇ ਵਾਦ-ਵਿਵਾਦ ਨਾਲ ਨਹੀਂ ਜੋੜਦਾ ਹੈ। ਉਸ ਦੁਆਰਾ ਲਿਖੀਆਂ ਵਧੇਰੇ ਕਹਾਣੀਆਂ ਵਿਚਲੀਆਂ ਘਟਨਾਵਾਂ ਉਸਦੇ ਨਿੱਜੀ ਅਨੁਭਵ ਦੇ ਆਧਾਰਿਤ ਹਨ। ਉਸ ਦੀਆਂ ਕਹਾਣੀਆਂ ਦਾ ਵਸਤੂ ਪਰਿਵਾਰਕ ਸੰਕਟ ਤੋਂ ਲੈ ਕੇ ਪ੍ਰਾਂਤਕ ਅਤੇ ਰਾਸ਼ਟਰੀ ਮਸਲਿਆਂ ਦੀ ਪੇਸ਼ਕਾਰੀ ਕਰਨ ਤੱਕ ਫੈਲਦਾ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਅਤੇ ਘਟਨਾਵਾਂ ਮਾਨਵੀ ਜੀਵਨ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ। ਜਿਸ ਕਰਕੇ ਉਸ ਦੀਆਂ ਰਚਨਾਵਾਂ ਦੇ ਵਿਸ਼ੇ ਸਰਬਕਾਲੀ ਹੋ ਨਿਬੜਦੇ ਹਨ।

ਨਾਨਕ ਸਿੰਘ ਕਹਾਣੀਆਂ ਬੜੇ ਸਰਲ ਮੁਹਾਵਰੇ ਵਿਚ ਲਿਖਦਾ ਹੈ। ਉਸ ਦੀਆਂ ਕਹਾਣੀਆਂ ਵਿਚ ਵਿਆਖਿਆ ਵਧੇਰੇ ਮਿਲਦੀ ਹੈ। ਕਿਉਂਕਿ ਜਦੋਂ ਅਸੀਂ ਕਿਸੇ ਰਚਨਾ ਬਾਰੇ ਗੱਲ ਕਰਦੇ ਹਾਂ ਤਾਂ ਉਹ ਰਚਨਾ ਜਦੋਂ ਲਿਖੀ ਉਹ ਸਮਾਂ ਕਿਵੇਂ ਦਾ ਸੀ? ਇਹ ਗੱਲ ਖ਼ਾਸ ਧਿਆਨਯੋਗ ਹੈ। ਨਾਨਕ ਸਿੰਘ ਸਮਾਜ-ਸੁਧਾਰ ਕਰਨਾ ਚਾਹੁੰਦਾ ਸੀ। ਉਹ ਲੋਕਾਂ ਨੂੰ ਬੁਰਾਈਆਂ ਤੋਂ ਜਾਣੂ ਕਰਾਉਣਾ ਚਾਹੁੰਦਾ ਸੀ ਜਿਸ ਕਰਕੇ ਉਸ ਦਾ ਕਹਿਣ ਦਾ ਢੰਗ ਵੀ ਸਾਦਗੀ ਭਰਪੂਰ ਸੀ। ਉਸ ਦੀਆਂ ਲਿਖਤਾਂ ਵਿਚ ਕਹਾਣੀ-ਰਸ ਹੈ ਜੋ ਪਾਠਕ ਨੂੰ ਬੰਨ੍ਹ ਕੇ ਰੱਖਦਾ ਹੈ ਜਦਕਿ ਅੱਜ ਦੇ ਸਮੇਂ ਵਿਚ ਵੀ ਬਹੁਤ ਸਾਰੇ ਲੇਖਕਾਂ ਦੀਆਂ ਰਚਨਾਵਾਂ ਅਕਾਊ ਤੇ ਥਕਾਊ ਪ੍ਰਤੀਤ ਹੋਣ ਲੱਗ ਜਾਂਦੀਆਂ ਹਨ ਪਰ ਨਾਨਕ ਸਿੰਘ ਦੀਆਂ ਕਹਾਣੀਆਂ ਪਾਠਕ ਨੂੰ ਆਪਣੇ ਨਾਲ ਜੋੜ ਕੇ ਰੱਖਦੀਆਂ ਹਨ। ਭਾਵੇਂ ਕਿ ਕਲਾ ਪੱਖੋਂ ਕੁਝ ਸੀਮਾਵਾਂ ਹੋਣ ਪਰ ਉਸ ਨੇ ਸਮਕਾਲੀਨ ਸਮਾਜ ਨੂੰ ਮੱਦੇ ਨਜ਼ਰ ਰੱਖਕੇ ਰਚਨਾਵਾਂ ਰਾਹੀਂ ਪ੍ਰਸਿੱਧੀ ਹਾਸਲ ਕੀਤੀ ਅਤੇ ਪੰਜਾਬੀ ਸਾਹਿਤ ਦਾ ਘੇਰਾ ਵਿਸ਼ਾਲ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸੰਤ ਸਿੰਘ ਸੇਖੋਂ, "ਨਾਨਕ ਸਿੰਘ ਦੀ ਕਲਾ", ਖੋਜ ਪੱਤ੍ਰਿਕਾ (ਨਾਨਕ ਸਿੰਘ ਵਿਸ਼ੇਸ਼ ਅੰਕ), ਕਰਤਾਰ ਸਿੰਘ ਸੂਰੀ (ਸੰਪਾ.), ਪੰਨਾ 70.
2. ਡਾ. ਧਰਮਪਾਲ ਸਿੰਗਲ, ਨਾਨਕ ਸਿੰਘ : ਇਕ ਪਰੀਚੈ, ਪੰਨਾ 61.
3. ਨਾਨਕ ਸਿੰਘ ਰਚਨਾਵਲੀ, ਸੈਂਚੀ 9ਵੀਂ, ਪੰਨਾ 399.
4. ਨਾਨਕ ਸਿੰਘ ਰਚਨਾਵਲੀ, ਸੈਂਚੀ 9ਵੀਂ, ਪੰਨਾ 399.
5. ਪ੍ਰੋ. ਕਿਸ਼ਨ ਸਿੰਘ, "ਨਾਨਕ ਸਿੰਘ ਦੀਆਂ ਰਚਨਾਵਾਂ ਦਾ ਇਤਿਹਾਸਕ ਅਤੇ ਸਮਾਜਕ ਪਿਛੋਕੜ", ਨਾਨਕ ਸਿੰਘ ਇਕ ਆਲੋਚਨਾਤਮਕ ਅਧਿਐਨ, ਰਜਿੰਦਰ ਸਿੰਘ ਭਸੀਨ (ਸੰਪਾ.), ਪੰਨਾ 25.
6. ਨਾਨਕ ਸਿੰਘ ਰਚਨਾਵਲੀ, ਸੈਂਚੀ 9ਵੀਂ, ਪੰਨਾ 331.
7. ਨਾਨਕ ਸਿੰਘ ਰਚਨਾਵਲੀ, ਸੈਂਚੀ 9ਵੀਂ, ਪੰਨਾ 544।